**MGN PUBLIC SCHOOL ADARSH NAGAR ,JALANDHAR**

**PUNJABI**

**HOLIDAYS HOMEWORK JUNE (2023-24)**

## PUNJABI FOR CLASS V

1. ਪੰਜਾਬ ਵਿੱਚ ਪੰਛੀਆਂ ਦੀਆਂ ਕਈ ਪ੍ਰਜਾਤੀਆਂ ਅਲੋਪ ਹੋ ਰਹੀਆਂ ਹਨ। ਉਹਨਾਂ ਦੇ ਚਿੱਤਰ ਆਪਣੀ ਪੰਜਾਬੀ ਦੀ ਕਾਪੀ ਵਿੱਚ ਬਣਾ ਕੇ ਜਾਂ ਚਿਪਕਾ ਕੇ ਉਹਨਾਂ ਦੇ ਨਾਮ ਲਿਖੋ ।

2. ਰੁੱਖ ਸਾਡੇ ਜੀਵਨ ਦਾ ਅਧਾਰ ਹਨ, ਆਪਣੀ ਪੰਜਾਬੀ ਦੀ ਕਾਪੀ ਵਿੱਚ ਰੁੱਖ ਦਾ ਚਿੱਤਰ ਬਣਾ ਕੇ ਉਸ ਨਾਲ ਸਬੰਧਤ 8 ਤੋਂ 10 ਸਤਰਾਂ ਸਵੈ- ਰਚਿਤ (self-created) ਕਵਿਤਾ ਜਾਂ 10 ਤੋਂ 12 ਸਤਰਾਂ ਵਿੱਚ ਇੱਕ ਪੈਰ੍ਹਾ ਲਿਖੋ ।*

## PUNJABI FOR CLASS VI

1.'ਲੋਕ-ਗੀਤ' ਪਾਠ 'ਤੇ ਅਧਾਰਿਤ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੇ ਲੋਕ-ਗੀਤਾਂ ਦੀਆਂ ਵੰਨਗੀਆਂ ਨਾਲ ਸੰਬੰਧਤ ਦੋ-ਦੋ ਗੀਤ ਆਪਣੀ ਪੰਜਾਬੀ ਕਾਪੀ 'ਤੇ ਸੁੰਦਰ ਲਿਖਾਈ ਵਿੱਚ ਲਿਖੋ।

2. ਪੜਨਾਂਵ ਦੀ ਪਰਿਭਾਸ਼ਾ ਅਤੇ ਉਸ ਦੀਆਂ ਕਿਸਮਾਂ' ਦਾ ਇੱਕ ਚਾਰਟ (ਤਸਵੀਰਾਂ ਸਹਿਤ) ਤਿਆਰ ਕਰੋ। 3.ਰੋਜ਼ਾਨਾ ਇੱਕ ਪੰਨਾ ਸ਼ੁੱਧ ਅਤੇ ਸੁੰਦਰ ਲਿਖਾਈ ਵਿੱਚ ਲਿਖੋ(on rough copy)

## PUNJABI FOR CLASS VII

1 ਔਰਤਾਂ ਦੇ ਵਿਰਾਸਤੀ ਗਹਿਣੇ' ਪਾਠ ਨਾਲ ਸੰਬੰਧਿਤ ਔਰਤਾਂ ਦੁਆਰਾ ਪਹਿਨੇ ਜਾਣ ਵਾਲੇ ਵਿਰਾਸਤੀ ਗਹਿਣਿਆਂ ਦੀਆਂ ਤਸਵੀਰਾਂ ਚਾਰਟ ਤੇ ਲਗਾਓ ਅਤੇ ਉਨ੍ਹਾਂ ਨਾਲ ਸੰਬੰਧਿਤ 2-3 ਸਤਰਾਂ ਲਿਖੋ।

2 ਪੰਜਾਬੀ ਅਖ਼ਬਾਰ ਵਿੱਚੋਂ ਹਰ ਰੋਜ਼ ਨਵੇਂ ਸ਼ਬਦ ਚੁਣੋ ਅਤੇ ਅਰਥ ਸਹਿਤ ਆਪਣੀ ਪੰਜਾਬੀ ਕਾਪੀ ਵਿੱਚ ਲਿਖੋ। (ਕੁੱਲ 30 ਸ਼ਬਦ)

3 ਆਪਣੀ ਲਿਖਾਈ ਨੂੰ ਸੁੰਦਰ ਬਣਾਉਣ ਅਤੇ ਗਲਤੀਆਂ ਨੂੰ ਸੁਧਾਰਨ ਲਈ ਹਰ ਰੋਜ਼ ਪੰਜਾਬੀ ਵਿੱਚ ਇੱਕ ਪੈਰਾ ਲਿਖੋ। (On rough note book)

## PUNJABI FOR CLASS VIII

1.ਤੁਹਾਡੇ ਪਰਿਵਾਰ ਜਾਂ ਆਂਢ-ਗੁਆਂਢ ਵਿੱਚ ਵਾਪਰੀ ਕੋਈ ਅਜਿਹੀ ਘਟਨਾ ਜਿਸ ਵਿੱਚ ਕਿਸੇ ਵਿਅਕਤੀ ਨੇ ਇਮਾਨਦਾਰੀ ਦਿਖਾ ਕੇ ਵਧੀਆ ਉਦਾਹਰਨ ਪੇਸ਼ ਕੀਤੀ ਹੋਵੇ, ਨੂੰ ਆਪਣੀ ਕਾਪੀ ਉੱਪਰ ਲਿਖੋ ਅਤੇ ਸਾਂਝੀ ਕਰੋ।

2.ਪੁਰਾਣੇ ਸਮੇਂ ਦੀਆਂ ਵਿਆਹ ਦੀਆਂ ਰਸਮਾਂ ਅਤੇ ਅਜੋਕੇ ਸਮੇਂ ਵਿੱਚ ਉਹਨਾਂ ਰਸਮਾਂ ਵਿੱਚ ਆ ਰਹੇ ਬਦਲਾਵ ਨਾਲ ਸੰਬੰਧਤ ਵੱਖਰਤਾ ਨੂੰ ਦਰਸਾਉਂਦੇ ਚਿੱਤਰ ਚਿਪਕਾ ਕੇ ਉਹਨਾਂ ਰਸਮਾਂ ਦੇ ਨਾਮ ਲਿਖੋ। 3 ੳ ਅਤੇ ਅ ਭਾਗ ਨਾਲ ਸੰਬੰਧਤ ਮੁਹਾਵਰਿਆਂ ਦਾ ਚਾਰਟ ਤਿਆਰ ਕਰੋ। ( 10-15 ਮੁਹਾਵਰੇ)

**PUNJABI FOR CLASS IX**

1. ਕੋਈ  ਇੱਕ ਕਵਿਤਾ ਜਾਂ ਕਹਾਣੀ (ਆਪਣੀ ਮੌਲਿਕ ਰਚਨਾ ) ਵਧੀਆ ਢੰਗ ਨਾਲ਼  ਆਪਣੀ ਕਾਪੀ 'ਤੇ ਲਿਖੋ।

2. 'ਅ'ਅਤੇ 'ੲ'ਭਾਗ ਨਾਲ਼ ਸੰਬੰਧਤ 15-15 ਮੁਹਾਵਰੇ ਆਪਣੀ ਕਾਪੀ ਤੇ ਸੁੰਦਰ ਲਿਖਾਈ ਵਿੱਚ ਲਿਖੋ।

3. ਖ਼ੂਨਦਾਨ ,ਨੇਤਰਦਾਨ ਅਤੇ ਸਫ਼ਾਈ ਅਭਿਆਨ ਨਾਲ ਸੰਬੰਧਤ ਦੋ- ਦੋ ਚਿੱਤਰ ਲਗਾ ਕੇ ਤੇ ਇਨ੍ਹਾਂ ਨਾਲ ਸਬੰਧਤ ਸਲੋਗਨ ਲਿਖ ਕੇ ਇੱਕ ਚਾਰਟ ਤਿਆਰ ਕਰੋ।

**PUNJABI FOR CLASS X**

1. ਸਮਾਜਿਕ ਸਮੱਸਿਆਵਾਂ ਜਿਵੇਂ ਕੁਪੋਸ਼ਣ, ਮੰਗਤਿਆਂ ਦੀ ਸਮੱਸਿਆ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਆਦਿ ਨਾਲ ਸਬੰਧਿਤ ਖ਼ਬਰਾਂ ਅਤੇ ਚਿੱਤਰ ਨਾਲ ਸੁੰਦਰ ਕੋਲਾਜ ਤਿਆਰ ਕਰੋ।

2. 'ਨੌਜਵਾਨਾਂ ਦਾ ਵਿਦੇਸ਼ਾਂ ਵੱਲ ਵੱਧ ਰਿਹਾ ਰੁਝਾਨ' ਵਿਸ਼ੇ ਤੇ ਇਸ ਦੇ ਕਾਰਨਾਂ ਅਤੇ ਨੁਕਸਾਨਾਂ ਬਾਰੇ ਜਾਣਕਾਰੀ ਦਿਓ।

3. ਕੋਈ ਕਵਿਤਾ,ਕਹਾਣੀ, ਨਾਟਕ ਸੁੰਦਰ ਲਿਖਾਈ ਵਿੱਚ ਲਿਖੋ (ਆਪਣੀ ਮੌਲਿਕ ਰਚਨਾ ਹੋਣੀ ਚਾਹੀਦੀ ਹੈ,ਕਿਤੋਂ ਨਕਲ ਮਾਰ ਕੇ ਨਹੀਂ ਕਰਨੀ)